# Visit of External Affairs Minister to Bali, Indonesia for G20 Foreign Minister's Meeting (FMM)

July 05, 2022

# ਜੀ-20 ਦੇ ਵਿਦੇਸ਼ ਮੰਤਰੀ ਦੀ ਮੀਟਿੰਗ (ਐੱਫਐੱਮਐੱਮ) ਦੇ ਲਈ ਵਿਦੇਸ਼ ਮੰਤਰੀ ਨੇ ਇੰਡੋਨੇਸ਼ੀਆ ਵਿਖੇ ਬਾਲੀ ਦਾ ਕੀਤਾ ਦੌਰਾ

ਜੁਲਾਈ 05, 2022

ਵਿਦੇਸ਼ ਮੰਤਰੀ ਡਾ. ਐਸ. ਜੈਸ਼ੰਕਰ ਜੀ-20 ਦੇ ਵਿਦੇਸ਼ ਮੰਤਰੀਆਂ ਦੀ ਮੀਟਿੰਗ (ਐੱਫਐੱਮਐੱਮ) ਦੇ ਵਿੱਚ ਹਿੱਸਾ ਲੈਣ ਦੇ ਲਈ 07-08 ਜੁਲਾਈ, 2022 ਨੂੰ ਇੰਡੋਨੇਸ਼ੀਆ ਵਿਖੇ ਬਾਲੀ ਦਾ ਦੌਰਾ ਕਰਨਗੇ। ਇੰਡੋਨੇਸ਼ੀਆ ਗਣਤੰਤਰ ਦਾ ਵਿਦੇਸ਼ ਮੰਤਰਾਲਿਆ ਇੰਡੋਨੇਸ਼ੀਆ ਜੀ-20 ਪ੍ਰੈਜ਼ੀਡੈਂਸੀ ਦੇ ਢਾਂਚੇ ਦੇ ਤਹਿਤ ਮੀਟਿੰਗ ਕਰ ਰਿਹਾ ਹੈ। ਐੱਫਐੱਮਐੱਮ ਵਿੱਚ ਹਿੱਸਾ ਲੈਣ ਵਾਲੇ ਵਿਦੇਸ਼ ਮੰਤਰੀ, ਸਮਕਾਲੀ ਪ੍ਰਸੰਗਿਕਤਾ ਦੇ ਮੁੱਦੇ ਜਿਵੇਂ ਕਿ ਬਹੁ-ਪੱਖਵਾਦ ਨੂੰ ਮਜ਼ਬੂਤ ਕਰਨ ਅਤੇ ਖੁਰਾਕ ਅਤੇ ਊਰਜਾ ਸੁਰੱਖਿਆ ਸਮੇਤ ਮੌਜੂਦਾ ਵਿਸ਼ਵ ਚੁਣੌਤੀਆਂ ਉੱਤੇ ਵਿਚਾਰ-ਵਟਾਂਦਰਾ ਕਰਨਗੇ। ਇਸ ਦੌਰੇ ਦੇ ਦੌਰਾਨ ਈਏਐਮ ਵੱਲੋਂ ਜੀ-20 ਦੇ ਹੋਰ ਮੈਂਬਰ ਦੇਸ਼ਾਂ ਅਤੇ ਸੱਦੇ ਗਏ ਦੇਸ਼ਾਂ ਦੇ ਆਪਣੇ ਹਮਰੁਤਬੇ ਦੇ ਨਾਲ ਕਈ ਬਾਈਲੇਟਰਲ ਮੀਟਿੰਗਾਂ ਕਰਨ ਦੀ ਵੀ ਉਮੀਦ ਹੈ।

2. ਜੀ20 ਐੱਫਐੱਮਐੱਮ ਵਿੱਚ ਈਏਐਮ ਦੀ ਭਾਗੀਦਾਰੀ ਦੇ ਨਾਲ ਜੀ-20 ਮੈਂਬਰ ਦੇਸ਼ਾਂ ਦੇ ਨਾਲ ਭਾਰਤ ਦੇ ਸੰਬੰਧ ਮਜ਼ਬੂਤ ਹੋਣਗੇ। ਜੀ-20 ਟ੍ਰੋਇਕਾ ਮੈਂਬਰ ਹੋਣ ਦੇ ਨਾਤੇ ਅਤੇ ਆਉਣ ਵਾਲੇ ਜੀ-20 ਪ੍ਰੈਜ਼ੀਡੈਂਸੀ ਦੇ ਤੌਰ ਉੱਤੇ, ਆਉਣ ਵਾਲੇ ਐੱਫਐੱਮਐੱਮ ਵਿਚਾਰ-ਵਟਾਂਦਰੇ ਦੇ ਦੌਰਾਨ ਭਾਰਤ ਦੀ ਭੂਮਿਕਾ ਹੋਰ ਵੀ ਜ਼ਿਆਦਾ ਮਹੱਤਵ ਰੱਖਦੀ ਹੈ। ਅਸੀਂ ਇਸ ਵੇਲੇ ਇੰਡੋਨੇਸ਼ੀਆਈ ਪ੍ਰੈਜ਼ੀਡੈਂਸੀ ਨੂੰ ਸਮਰਥਨ ਦੇ ਰਹੇ ਹਾਂ ਅਤੇ ਆਪਣੀ ਪ੍ਰੈਜ਼ੀਡੈਂਸੀ ਦੌਰਾਨ ਸਾਰਥਕ ਨਤੀਜੇ ਹਾਸਲ ਕਰਨ ਦੇ ਨਜ਼ਰੀਏ ਦੇ ਨਾਲ ਸਮਕਾਲੀਨ ਵਿਸ਼ਵ ਚੁਣੌਤੀਆਂ ਉੱਤੇ ਵਿਚਾਰ-ਵਟਾਂਦਰੇ ਨੂੰ ਅੱਗੇ ਵਧਾਵਾਂਗੇ।

**ਨਵੀਂ ਦਿੱਲੀ**
**ਜੁਲਾਈ 05, 2022**

DISCLAIMER: This is an approximate translation. The original is available in English on MEA's website and may be referred to as the official press release.